- ਮਾਮਲਾ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋ ਕੇ ਮਰੀ ਕੁਲਵੰਤ ਕੌਰ ਦਾ -

# ਡੀ.ਐੱਸ.ਪੀ. ਬੱਲ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਐੱਸ.ਐੱਸ.ਪੀ. ਦਫ਼ਤਰ ਦਾ ਘਿਰਾਓ

*** ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਸਮੇਤ ਹੋਰ ਭਰਾਤਰੀ ਜਥੇਬੰਦੀਆਂ ਹੋਈਆਂ ਸ਼ਾਮਿਲ * ਚੰਨੀ ਸਰਕਾਰ ਦੀ ਵੀ ਕੀਤੀ ਤਿੱਖੀ ਆਲੋਚਨਾ**

ਜਗਰਾਉਂ, 3 ਜਨਵਰੀ (ਜੋਗਿੰਦਰ ਸਿੰਘ)- ਪੁਲਿਸ ਤਸ਼ੱਦਦ ਕਾਰਨ ਨਕਾਰਾ ਹੋ ਕੇ ਲੰਬਾ ਸਮਾਂ ਮੰਜੇ 'ਤੇ ਪੈ ਕੇ ਦਮ ਤੋੜ ਜਾਣ ਵਾਲੀ ਪਿੰਡ ਰਸੂਲਪੁਰ ਦੀ ਧੀ ਕੁਲਵੰਤ ਕੌਰ ਦੇ ਮਾਮਲੇ 'ਚ ਸ਼ਾਮਿਲ ਡੀ.ਐੱਸ.ਪੀ. ਗੁਰਿੰਦਰ ਸਿੰਘ ਬੱਲ ਅਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਅੱਜ ਇੱਥੇ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਹੋਰ ਭਰਾਤਰੀ ਜਥੇਬੰਦੀਆਂ ਵਲੋਂ ਜਗਰਾਉਂ 'ਚ ਵਿਸ਼ਾਲ ਮਾਰਚ ਕਰਨ ਉਪਰੰਤ ਜ਼ਿਲ੍ਹਾ ਪੁਲਿਸ ਮੁਖੀ ਰਾਜਬਚਨ ਸਿੰਘ ਸੰਧੂ ਦੇ ਦਫ਼ਤਰ ਦਾ ਘਿਰਾਓ ਕੀਤਾ ਗਿਆ। ਕਮੇਟੀ ਪਾਰਕ ਵਿਖੇ ਰੈਲੀ ਕਰਨ ਤੋਂ ਬਾਅਦ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਲੋਕ ਤਹਿਸੀਲ ਰੋਡ 'ਤੇ ਮਾਰਚ ਕਰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਦੇ ਦਫ਼ਤਰ ਅੱਗੇ ਪੁੱਜੇ ਤੇ ਇਸ ਦੌਰਾਨ ਲੋਕਾਂ ਵਲੋਂ ਪੰਜਾਬ ਦੀ ਚੰਨੀ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਸੰਘਰਸ਼ਕਾਰੀਆਂ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਧੀ ਕੁਲਵੰਤ ਕੌਰ ਦੇ ਮਾਮਲੇ 'ਚ ਦੋਸ਼ੀਆਂ ਵਿਰੁੱਧ ਕਾਰਵਾਈ ਦੇ ਮਾਮਲੇ ਨੂੰ ਪੁਲਿਸ ਪਿਛਲੇ ਡੇਢ ਦਹਾਕੇ ਤੋਂ ਲਟਕਾਉਂਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਕੁਲਵੰਤ ਕੌਰ ਦੇ ਪਰਿਵਾਰ ਵਲੋਂ ਇਸ ਮਾਮਲੇ 'ਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਪਿਛਲੇ ਕਰੀਬ 15 ਸਾਲਾਂ ਤੋਂ ਲੜੀ ਕਾਨੂੰਨੀ ਤੇ ਸੰਘਰਸ਼ੀ ਲੜਾਈ ਇਕ ਮਿਸਾਲ ਹੈ। ਪੁਲਿਸ ਦੇ ਤਸ਼ੱਦਦ ਤੇ ਝੂਠੇ ਮਾਮਲਿਆਂ 'ਚ ਇਨਸਾਫ਼ ਲਈ ਮ੍ਰਿਤਕ ਕੁਲਵੰਤ ਕੌਰ ਦੇ ਭਰਾ ਇਕਬਾਲ ਸਿੰਘ ਵਲੋਂ 35 ਹਜ਼ਾਰ ਚਿੱਠੀਆਂ ਲਿਖੀਆਂ ਗਈਆਂ, ਪਰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਕੁਲਵੰਤ ਕੌਰ ਦੀ ਮੌਤ ਤੋਂ ਬਾਅਦ ਇੱਥੋਂ ਦਾ ਐੱਸ.ਐੱਸ.ਪੀ. ਜੋ ਪੀੜਤਾ ਦੇ ਘਰ ਜਾ ਕੇ ਪਰਚਾ ਦਰਜ ਕਰਨ ਤੇ ਦੋਸ਼ੀਆਂ ਨੂੰ ਫੜ ਕੇ ਅੰਦਰ ਦੇਣ ਦਾ ਭਰੋਸਾ ਦੇ ਰਿਹਾ ਸੀ, ਉਸ ਅਧਿਕਾਰੀ ਵਲੋਂ ਵੀ ਪਰਚਾ ਦਰਜ ਹੋਣ ਦੇ ਬਾਵਜੂਦ ਡੀ.ਐਸ.ਪੀ. ਬੱਲ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਕੰਨੀ ਕਤਰਾਇਆ ਜਾ ਰਿਹਾ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਨੌਜਵਾਨ ਸਭਾ ਦੇ ਆਗੂ ਕਰਮਜੀਤ ਸਿੰਘ ਕੋਟਕਪੂਰਾ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਜੇਕਰ ਕਿਸਾਨਾਂ ਤੇ ਮਜ਼ਦੂਰਾਂ ਦਾ ਇਕੱਠ ਮੋਦੀ ਦੀ ਡਿਕਟੇਟਰ ਸਰਕਾਰ ਨੂੰ ਕਾਲੇ ਕਾਨੂੰਨ ਰੱਦ ਕਰਨ ਲਈ ਮਜਬੂਰ ਕਰ ਸਕਦਾ ਹੈ ਤਾਂ ਤਸ਼ੱਦਦ ਕਰਨ ਵਾਲੇ ਪੁਲਿਸ ਦੇ ਅਫ਼ਸਰਾਂ ਦੀ ਗ੍ਰਿਫ਼ਤਾਰੀ ਲਈ ਉਨ੍ਹਾਂ ਦੀਆਂ ਜਥੇਬੰਦੀਆਂ ਜ਼ਿਲ੍ਹਾ ਪੁਲਿਸ ਮੁਖੀ ਵਿਰੁੱਧ ਵੀ ਰਾਜ ਪੱਧਰ ਦਾ ਸੰਘਰਸ਼ ਖੜ੍ਹਾ ਕਰ ਸਕਦੀਆਂ ਹਨ। ਇਸ ਮੌਕੇ ਬੀ.ਕੇ.ਯੂ. (ਡਕੌਂਦਾ) ਦੇ ਆਗੂ ਇੰਦਰਜੀਤ ਸਿੰਘ ਧਾਲੀਵਾਲ, ਸੁਖਦੇਵ ਸਿੰਘ ਭੂੰਦੜੀ, ਬਲਰਾਜ ਸਿੰਘ ਕੋਟਉਮਰਾ, ਮਾ. ਜੋਗਿੰਦਰ ਆਜ਼ਾਦ, ਦਰਸ਼ਨ ਸਿੰਘ ਨਾਹਰ, ਸੁਖਦੇਵ ਸਿੰਘ ਲਤਾਲਾ, ਮਦਨ ਸਿੰਘ ਅਤੇ ਨਿਰਮਲ ਸਿੰਘ ਧਾਲੀਵਾਲ ਨੇ ਵੀ ਪੁਲਿਸ ਦੇ ਨਾਲ ਚੰਨੀ ਸਰਕਾਰ ਦੀ ਵੀ ਤਿੱਖੀ ਆਲੋਚਨਾ ਕੀਤੀ। ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਜੇ ਪੁਲਿਸ ਨੇ ਕੁਲਵੰਤ ਕੌਰ ਦੇ ਮਾਮਲੇ 'ਚ ਡੀ.ਐੱਸ.ਪੀ. ਬੱਲ ਸਮੇਤ ਬਾਕੀਆਂ ਨੂੰ ਕਾਬੂ ਨਾ ਕੀਤਾ ਤਾਂ ਆਉਂਦੇ ਦਿਨਾਂ 'ਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ, ਸਤਿਕਾਰ ਕਮੇਟੀ ਦੇ ਜਸਪ੍ਰੀਤ ਸਿੰਘ ਢੋਲਣ, ਕੁਲ ਹਿੰਦ ਕਿਸਾਨ ਸਭਾ ਦੇ ਪ੍ਰਕਾਸ਼ ਸਿੰਘ, ਲੋਕ ਆਗੂ ਪ੍ਰੀਤਮ ਸਿੰਘ ਅਖਾੜਾ, ਨਿਹੰਗ ਜਥੇਬੰਦੀ ਵਲੋਂ ਬਾਬਾ ਦਰਸ਼ਨ ਸਿੰਘ, ਸਤਨਾਮ ਸਿੰਘ ਲੁਧਿਆਣਾ, ਦੇਵ ਸਰਾਭਾ, ਐਡਵੋਕੇਟ ਸਤਿੰਦਰਪਾਲ ਸਿੰਘ ਧਾਲੀਵਾਲ, ਇਸਤਰੀ ਜਾਗਤੀ ਮੰਚ ਦੀ ਬਲਵਿੰਦਰ ਕੌਰ ਝੋਰੜਾਂ, ਬਾਬਾ ਮੋਹਣ ਸਿੰਘ ਬੰਗਸੀਪੁਰਾ, ਜਥੇਦਾਰ ਦਲੀਪ ਸਿੰਘ ਚਕਰ, ਸੁਖਦੇਵ ਸਿੰਘ ਮਾਣੂੰਕੇ ਆਦਿ ਹਾਜ਼ਰ ਸਨ।



ਜਗਰਾਉਂ ਐੱਸ.ਐੱਸ.ਪੀ. ਦਫ਼ਤਰ ਅੱਗੇ ਕੁਲਵੰਤ ਕੌਰ ਦੇ ਮਾਮਲੇ 'ਚ ਪੁਲਿਸ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਧਰਨੇ 'ਤੇ ਬੈਠੇ ਵੱਖ-ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ। ਅਜੀਤ ਤਸਵੀਰ

**ਸਾਬਕਾ ਵਿਧਾਇਕ ਕਲੇਰ ਵਲੋਂ ਤੁਰੰਤ ਗ੍ਰਿਫ਼ਤਾਰੀ ਦੀ ਮੰਗੀ**

ਇਸੇ ਦੌਰਾਨ ਸਾਬਕਾ ਵਿਧਾਇਕ ਐੱਸ.ਆਰ. ਕਲੇਰ ਨੇ ਇਕ ਪ੍ਰੈੱਸ ਬਿਆਨ 'ਚ ਪੀੜਤਾ ਕੁਲਵੰਤ ਕੌਰ ਦੇ ਮਾਮਲੇ 'ਚ ਡੀ.ਐੱਸ.ਪੀ. ਅਤੇ ਉਸ ਦੇ ਸਾਥੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਸ੍ਰੀ ਕਲੇਰ ਨੇ ਕਿਹਾ ਕਿ ਉਹ ਪੀੜਤ ਪਰਿਵਾਰ ਨਾਲ ਖੜ੍ਹੇ ਹਨ ਅਤੇ ਇਸ ਮੁੱਦੇ 'ਤੇ ਇਨਸਾਫ਼ ਲਈ ਲੜਦੇ ਰਹਿਣਗੇ।



ਪਿੰਡ ਪਮਾਲ ਵਿਖੇ ਸੜਕ ਦਾ ਨੀਂਹ ਪੱਥਰ ਰੱਖੇ ਜਾਣ ਸਮੇਂ ਯੂਥ ਕਾਂਗਰਸੀ ਆਗੂ ਜਤੇਸ਼ਵਰ ਸਿੰਘ ਪੰਨੂ, ਸਰਪੰਚ ਜਗਦੀਸ਼ ਸਿੰਘ ਪਮਾਲ, ਗ੍ਰਾਮ ਪੰਚਾਇਤ ਮੈਂਬਰ, ਹੋਰ ਪਤਵੰਤੇ। ਤਸਵੀਰ: ਕ੍ਰਿਪਾਲ ਹੰਬੜਾਂ

## ਪਮਾਲ ਸੜਕ ਦਾ ਪੰਨੂ ਤੇ ਸਰਪੰਚ ਜੱਗੀ ਨੇ ਰੱਖਿਆ ਨੀਂਹ ਪੱਥਰ

ਮੁੱਲਾਂਪੁਰ-ਦਾਖਾ, 3 ਜਨਵਰੀ (ਨਿਰਮਲ ਸਿੰਘ ਧਾਲੀਵਾਲ)- ਕਾਂਗਰਸ ਦੇ ਹਲਕਾ ਦਾਖਾ ਇੰਚਾਰਜ ਕੈਪਟਨ ਸੰਦੀਪ ਸੰਧੂ ਦੀ ਨਜ਼ਰਸਾਨੀ ਹੇਠ ਪੰਜਾਬ ਕਾਂਗਰਸ ਸਰਕਾਰ ਵਲੋਂ ਵਿਕਾਸ ਕੰਮਾਂ ਲਈ ਗ੍ਰਾਂਟ ਦਾ ਗੱਫਾ ਨਿਰੰਤਰ ਪਹੁੰਚ ਰਿਹਾ। ਪੰਜਾਬ ਮੰਡੀ ਬੋਰਡ ਅਧੀਨ ਪਿੰਡ ਪਮਾਲ ਫਿਰਨੀ ਤੋਂ ਪਮਾਲ ਬੱਦੋਵਾਲ ਰੋਡ ਤੱਕ ਕਰੀਬ ਕਿਲੋਮੀਟਰ ਸੜਕ ਦਾ ਨੀਂਹ ਪੱਥਰ ਯੂਥ ਕਾਂਗਰਸੀ ਆਗੂ ਜਤੇਸ਼ਵਰ ਸਿੰਘ ਪੰਨੂ, ਪਮਾਲ ਸਰਪੰਚ ਜਗਦੀਸ਼ ਸਿੰਘ ਜੱਗੀ ਵਲੋਂ ਸਾਂਝੇ ਰੂਪ 'ਚ ਰੱਖਿਆ ਗਿਆ। ਇਸ ਸਮੇਂ ਸੰਬੋਧਨ ਹੁੰਦਿਆਂ ਪੰਨੂ ਜਤੇਸ਼ਵਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪੰਜਾਬ ਸਰਕਾਰ ਸੂਬੇ ਦੀ ਬਿਹਤਰੀ ਲਈ ਕੰਮ ਕਰ ਰਹੀ ਹੈ। ਕਾਂਗਰਸ ਦੇ ਹਲਕਾ ਦਾਖਾ ਇੰਚਾਰਜ ਕੈਪਟਨ ਸੰਦੀਪ ਸੰਧੂ ਵਲੋਂ ਹਲਕੇ ਅੰਦਰ ਸੈਂਕੜੇ ਕਿਲੋਮੀਟਰ ਨਵੀਆਂ ਅਤੇ ਮੁਰੰਮਤ ਵਾਲੀਆਂ ਸੜਕਾਂ ਲਈ ਕਈ ਕਰੋੜ ਦੇ ਵਿਕਾਸ ਫੰਡ ਲਿਆ ਕੇ ਲੋਕਾਂ ਨੂੰ ਲਿਸ਼ਕਦੀਆਂ ਸੜਕਾਂ ਦਿੱਤੀਆਂ ਜਾ ਰਹੀਆਂ ਹਨ। ਪੰਨੂ ਵਲੋਂ ਕੈਪਟਨ ਸੰਦੀਪ ਸੰਧੂ ਦੇ ਯਤਨਾ ਨਾਲ ਆਈ.ਟੀ.ਆਈ. ਸਵੱਦੀ, ਬੱਸ ਸਟੈਂਡ-ਕਮ ਨਗਰ ਕੌਂਸਲ ਮੁੱਲਾਂਪੁਰ ਦਾਖਾ ਦਫ਼ਤਰ ਇਮਾਰਤਾਂ, ਸੀਨੀਅਰ ਸਿਟੀਜਨ ਹੋਮ, ਮੁੱਲਾਂਪੁਰ ਫਾਇਰ ਸਟੇਸ਼ਨ ਲਈ ਬਿਲਡਿੰਗ, ਦਾਣਾ ਮੰਡੀ ਬਰਸਾਤੀ ਪਾਣੀ ਨਿਕਾਸੀ ਪ੍ਰਾਜੈਕਟ ਸਮੇਤ ਪਿੰਡ-ਪਿੰਡ ਸਪੋਰਟਸ ਤੇ ਵੈੱਲਫੇਅਰ ਕਲੱਬਾਂ ਦੇ ਨੌਜਵਾਨਾਂ ਨੂੰ ਖੇਡਾਂ ਵਿਚ ਬਿਹਤਰੀ ਲਈ ਸਪੋਰਟਸ ਕਿੱਟਾਂ, ਖੇਡ ਸਟੇਡੀਅਮਾਂ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਪੰਚ ਅਜੀਤ ਸਿੰਘ, ਪੰਚ ਜਤਿੰਦਰ ਕੌਰ, ਪੰਚ ਕੁਲਵੰਤ ਕੌਰ, ਪੰਚ ਜਸਪ੍ਰੀਤ ਸਿੰਘ, ਰਾਜਨ ਮੋਹਿਤ, ਗੁਰਮੀਤ ਸਿੰਘ ਸੇਖੋਂ, ਤੇਜਿੰਦਰ ਸਿੰਘ, ਮਨਦੀਪ ਸਿੰਘ, ਕਮਲਜੀਤ ਸਿੰਘ ਸੇਖੋਂ, ਅਰੁਣਪਾਲ ਸਿੰਘ, ਗਗਨਦੀਪ ਸਿੰਘ, ਭਵਨਦੀਪ ਸਿੰਘ, ਇੰਦਰਜੀਤ ਸਿੰਘ ਤੇ ਹੋਰ ਮੌਜੂਦ ਸਨ।

## ਬਾਵਾ ਗੰਗਾ ਗਿਰ ਵਿਖੇ ਚੱਲੀਆਂ ਗੋਲੀਆਂ, ਜਾਨੀ ਨੁਕਸਾਨ ਤੋਂ ਬਚਾਅ

ਹਠੂਰ, 3 ਜਨਵਰੀ (ਜਸਵਿੰਦਰ ਸਿੰਘ ਛਿੰਦਾ)- ਨਜ਼ਦੀਕੀ ਪਿੰਡ ਬਾਵਾ ਗੰਗਾ ਗਿਰ ਵਿਖੇ ਸ਼ਾਮ 6 ਵਜੇ ਗੋਲੀਆਂ ਚੱਲਣ ਦੀ ਖ਼ਬਰ ਮਿਲੀ ਹੈ। ਜਾਣਕਾਰੀ ਅਨੁਸਾਰ ਭੰਮੀਪੁਰੇ ਤੋਂ ਮਾਣੂੰਕੇ ਰੋਡ 'ਤੇ ਸਥਿਤ ਛੋਟੇ ਜਿਹੇ ਪਿੰਡ ਬਾਵਾ ਗੰਗਾ ਗਿਰ ਵਿਖੇ ਮੁੱਖ ਰੋਡ 'ਤੇ ਸਥਿਤ ਘਰਾਂ ਕੋਲ ਕੁਝ ਅਣਪਛਾਤਿਆਂ, ਜੋ ਇਕ ਗੱਡੀ 'ਤੇ ਆਏ ਸਨ, ਵਲੋਂ ਚਾਰ ਪੰਜ ਗੋਲੀਆਂ ਹਵਾ 'ਚ ਚਲਾਈਆਂ ਗਈਆਂ ਹਨ ਤੇ ਫਾਇਰਿੰਗ ਉਪਰੰਤ ਉਹ ਚਲੇ ਗਏ। ਇਸ ਫਾਇਰਿੰਗ 'ਚ ਕੋਈ ਜਾਨੀ ਨੁਕਸਾਨ ਤੋਂ ਬਚਾ ਹੋ ਗਿਆ ਹੈ। ਇਸ ਸੰਬੰਧ ਵਿਚ ਜਦ ਪੁਲਿਸ ਥਾਣਾ ਹਠੂਰ ਦੇ ਇੰਚਾਰਜ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਇਸ ਤਰ੍ਹਾਂ ਦੀ ਕੋਈ ਘਟਨਾ ਬਾਰੇ ਜਾਣਕਾਰੀ ਨਾ ਹੋਣ ਦੀ ਗੱਲ ਕਹੀ। ਦੂਸਰੇ ਪਾਸੇ ਮੌਕੇ 'ਤੇ ਪੁਲਿਸ ਪਹੁੰਚੀ ਹੈ, ਜਿਨ੍ਹਾਂ ਨੇ ਛਾਣਬੀਨ ਕੀਤੀ ਤੇ ਗੋਲੀਆਂ ਦੇ ਖਾਲੀ ਖੋਲ੍ਹ ਵੀ ਕਬਜ਼ੇ 'ਚ ਲਏ ਦੱਸੇ ਜਾਂਦੇ ਹਨ ਤੇ ਇਹ ਵੀ ਪਤਾ ਲੱਗਾ ਹੈ ਕਿ ਪੁਲਿਸ ਵਲੋਂ ਨੇੜਲੇ ਕੈਮਰੇ ਵੀ ਦੇਖੇ ਗਏ ਹਨ, ਜਿਸ ਵਿਚ ਚਿੱਟੇ ਰੰਗ ਦੀ ਕਾਰ ਆਉਂਦੀ ਹੈ ਤੇ ਜਾਂਦੀ ਦੇਖੀ ਗਈ ਹੈ, ਪਰ ਪੁਲਿਸ ਵਲੋਂ ਇਸ ਸੰਬੰਧੀ ਕੋਈ ਜਾਣਕਾਰੀ ਨਾ ਹੋਣ ਬਾਰੇ ਕਹਿਣਾ ਹੈਰਾਨੀਜਨਕ ਗੱਲ ਹੈ।



ਸੀ.ਆਈ.ਏ. ਸਟਾਫ਼ ਦੀ ਪੁਲਿਸ ਵਲੋਂ ਅਫ਼ੀਮ ਸਮੇਤ ਕਾਬੂ ਕੀਤੇ ਦੋਸ਼ੀ ਇੰਸਪੈਕਟਰ ਪ੍ਰੇਮ ਸਿੰਘ ਤੇ ਪੁਲਿਸ ਪਾਰਟੀ ਨਾਲ। ਅਜੀਤ ਤਸਵੀਰ

## ਇਕ ਕਿੱਲੋਗ੍ਰਾਮ ਅਫ਼ੀਮ ਸਮੇਤ ਦੋ ਕਾਬੂ

ਜਗਰਾਉਂ, 3 ਜਨਵਰੀ (ਜੋਗਿੰਦਰ ਸਿੰਘ)- ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ.ਐੱਸ.ਪੀ. ਰਾਜਬਚਨ ਸਿੰਘ ਸੰਧੂ ਵਲੋਂ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਸੀ.ਆਈ.ਏ. ਸਟਾਫ਼ ਜਗਰਾਉਂ ਦੀ ਪੁਲਿਸ ਵਲੋਂ ਇਕ ਕਿੱਲੋ ਅਫ਼ੀਮ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ.ਆਈ.ਏ. ਸਟਾਫ਼ ਦੇ ਇੰਚਾਰਜ ਇੰਸਪੈਕਟਰ ਪ੍ਰੇਮ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਮਨਜੀਤ ਕੁਮਾਰ ਨੂੰ ਗੁਪਤ ਸੂਚਨਾ ਮਿਲੀ ਕਿ ਬਿਕਰਮਜੀਤ ਉੱਪਲ ਪੁੱਤਰ ਤਰਸੇਮ ਲਾਲ ਵਾਸੀ ਬੱਸੀਆਂ ਅਤੇ ਕੇਵੀ ਵਰਮਾ ਪੁੱਤਰ ਤਾਰਾ ਚੰਦ ਵਾਸੀ ਹਰੀ ਸਿੰਘ ਨਲੂਆ ਚੌਂਕ ਰਾਏਕੋਟ ਮਿਲ ਕੇ ਅਫ਼ੀਮ ਵੇਚਣ ਦਾ ਧੰਦਾ ਕਰਦੇ ਹਨ ਅਤੇ ਅੱਜ ਵੀ ਕਾਰ ਮਾਰਕਾ ਸੈਵਰਲੈਟ ਨੰਬਰੀ ਪੀ.ਬੀ. 10 ਐੱਫ਼.ਪੀ. 3560 'ਤੇ ਸਵਾਰ ਹੋ ਕੇ ਜਗਰਾਉਂ ਸ਼ਹਿਰ ਅਤੇ ਆਸ-ਪਾਸ ਦੇ ਇਲਾਕੇ ਵਿਚ ਅਫ਼ੀਮ ਦੀ ਸਪਲਾਈ ਕਰਨ ਲਈ ਜਾ ਰਹੇ ਹਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਉਕਤ ਬਿਕਰਮਜੀਤ ਉੱਪਲ ਅਤੇ ਕੇਵੀ ਵਰਮਾ ਨੂੰ ਇਕ ਕਿੱਲੋਗ੍ਰਾਮ ਅਫੀਮ ਸਮੇਤ ਕਾਰ ਕਾਬੂ ਕਰਕੇ ਥਾਣਾ ਸਿਟੀ ਜਗਰਾਉਂ ਵਿਖੇ ਮਾਮਲਾ ਦਰਜ ਕਰ ਲਿਆ। ਪੁਲਿਸ ਅਨੁਸਾਰ ਦੋਸ਼ੀ ਕੇਵੀ ਵਰਮਾ ਰਾਏਕੋਟ ਵਿਖੇ ਇਕ ਜਿੰਮ ਵਿਚ ਬਤੌਰ ਟਰੇਨਰ ਕੰਮ ਕਰਦਾ ਹੈ। ਇਸ ਮੌਕੇ ਐਸ.ਆਈ. ਜਨਕ ਰਾਜ, ਹੌਲਦਾਰ ਗੀਤਇੰਦਰਪਾਲ ਸਿੰਘ ਆਦਿ ਵੀ ਹਾਜ਼ਰ ਸਨ।



ਹਾਦਸੇ 'ਚ ਨੁਕਸਾਨੀ ਕਾਰ ਤੇ ਜ਼ਖ਼ਮੀ ਰੋਜ਼। ਤਸਵੀਰ: ਤੇਜਿੰਦਰ ਸਿੰਘ ਚੱਢਾ

## ਸੜਕ ਹਾਦਸੇ ਕਾਰ ਸਵਾਰ ਵਾਲ-ਵਾਲ ਬਚੇ

ਚੌਂਕੀਮਾਨ, 3 ਜਨਵਰੀ (ਤੇਜਿੰਦਰ ਸਿੰਘ ਚੱਢਾ)- ਲੁਧਿਆਣਾ-ਜਗਰਾਉਂ ਮੁੱਖ ਮਾਰਗ 'ਤੇ ਪਿੰਡ ਸਿੱਧਵਾਂ ਕਲਾਂ ਦੇ ਨਜ਼ਦੀਕ ਪ੍ਰੀਤ ਢਾਬੇ ਨੇੜੇ ਇਕ ਰੋਝ ਸਵਿਫਟ ਡਿਜ਼ਾਇਰ ਕਾਰ ਨਾਲ ਜਾ ਟਕਰਾਇਆ, ਜਿਸ ਨਾਲ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਤੇ ਰੋਜ਼ ਦੀ ਲੱਤ ਟੁੱਟਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਕਾਰ ਸਵਾਰ ਵਾਲ-ਵਾਲ ਬਚ ਗਏ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਕ ਸਵਿੱਫ਼ਟ ਡਿਜ਼ਾਇਰ ਕਾਰ ਜਗਰਾਉਂ ਵਲੋਂ ਤੋਂ ਲੁਧਿਆਣਾ ਵੱਲ ਜਾ ਰਹੀ ਸੀ ਤੇ ਜਿਵੇਂ ਹੀ ਉਹ ਪ੍ਰੀਤ ਢਾਬੇ ਕੋਲ ਆਈ ਤਾਂ ਇਕਦਮ ਇਕ ਰੋਝ ਕਾਰ ਨਾਲ ਜਾ ਟਕਰਾਇਆ ਤੇ ਕਾਰ ਵਿਚ ਸਵਾਰ 4 ਵਿਅਕਤੀ ਵਾਲ-ਵਾਲ ਬਚ ਗਏ ਤੇ ਰੋਜ਼ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਉਸ ਦੀ ਲੱਤ ਟੁੱਟ ਗਈ ਤੇ ਰੋਝ ਨੂੰ ਹੀਰਾ ਹਸਪਤਾਲ ਕਾਉਂਕੇ ਕਲਾਂ (ਜਗਰਾਉਂ) ਦੀ ਐਬੂਲੈਂਸ ਨੇ ਹੀਰਾ ਹਸਪਤਾਲ ਕਾਉਂਕੇ ਦਾਖ਼ਲ ਕਰਵਾਇਆ।

## ਜਗਰਾਉਂ ਹਲਕੇ ਦੇ ਹਰ ਪਿੰਡ ਨੂੰ ਵਿਕਾਸ ਲਈ ਗ੍ਰਾਂਟਾਂ ਦੇ ਗੱਫੇ ਮਿਲਣਗੇ-ਗਾਲਿਬ

ਜਗਰਾਉਂ, 3 ਜਨਵਰੀ (ਜੋਗਿੰਦਰ ਸਿੰਘ)- ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕਰਨਜੀਤ ਸਿੰਘ ਸੋਨੀ ਗਾਲਿਬ ਨੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਗਰਾਉਂ ਹਲਕੇ ਦੇ ਵਿਕਾਸ ਲਈ ਆਈਆਂ ਗ੍ਰਾਂਟਾਂ ਦੀ ਵੰਡ ਦੌਰਾਨ ਕਿਸੇ ਵੀ ਪਿੰਡ ਨਾਲ ਵਿਤਕਰਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਹਰ ਪਿੰਡ ਨੂੰ ਵਿਕਾਸ ਕਾਰਜਾਂ ਲਈ ਮੰਗ ਅਨੁਸਾਰ ਗ੍ਰਾਂਟਾਂ ਦਿੱਤੀਆਂ ਜਾਣਗੀਆਂ। ਸ: ਗਾਲਿਬ ਨੇ ਦੱਸਿਆ ਕਿ ਆਉਂਦੇ ਦਿਨਾਂ 'ਚ ਹਲਕੇ ਦੇ ਰਹਿੰਦੇ ਪਿੰਡਾਂ ਨੂੰ ਵੀ ਵਿਕਾਸ ਲਈ ਗ੍ਰਾਂਟਾਂ ਦੇ ਗੱਫੇ ਮਿਲਣਗੇ ਤੇ ਇਸ ਪਹਿਲਾਂ ਵੀ ਸਰਕਾਰ ਵਲੋਂ ਪਿਛਲੇ ਅਰਸੇ ਦੌਰਾਨ ਹਰ ਪਿੰਡ ਨੂੰ ਵੱਡੀਆਂ ਗ੍ਰਾਂਟਾਂ ਦੇ ਕੇ ਸਰਕਾਰ ਦੇ ਪੂਰੇ ਸਮੇਂ ਦੌਰਾਨ ਹੀ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਗਿਆ। ਸ: ਗਾਲਿਬ ਨੇ ਦੱਸਿਆ ਕਿ ਹਲਕੇ ਲਈ ਕੁੱਲ 15 ਕਰੋੜ ਦੀ ਗ੍ਰਾਂਟ 'ਚੋਂ 9 ਕਰੋੜ ਤੋਂ ਵੱਧ ਪਿੰਡਾਂ ਦੇ ਵਿਕਾਸ ਲਈ ਵੰਡੇ ਜਾ ਚੁੱਕੇ ਹਨ, ਜਿਸ ਵਿਚ ਲੋਕਾਂ ਦੀ ਭਲਾਈ ਲਈ ਵੀ ਗ੍ਰਾਂਟਾਂ ਦਿੱਤੀਆਂ ਗਈਆਂ। ਜਗਰਾਉਂ ਸ਼ਹਿਰ ਦੇ ਵਿਕਾਸ ਲਈ ਕਰੀਬ 4 ਕਰੋੜ ਰੁਪਏ ਖ਼ਰਚੇ ਜਾਣਗੇ ਤੇ ਇਹ ਗ੍ਰਾਂਟ ਵੀ ਆਉਂਦੇ ਦਿਨਾਂ 'ਚ ਨਗਰ ਕੌਂਸਲ ਨੂੰ ਜਾਰੀ ਹੋ ਜਾਵੇਗੀ। ਉਨ੍ਹਾਂ ਚੰਨੀ ਸਰਕਾਰ ਵਲੋਂ 100 ਦਿਨਾਂ 'ਚ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਲਈ ਕੀਤੇ ਕੰਮਾਂ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਛੋਟੇ ਅਰਸੇ ਦੇ ਕੰਮਾਂ ਨੇ ਇਸ ਸਰਕਾਰ ਨੂੰ ਹਰ ਪੰਜਾਬੀ ਦੀ ਜ਼ੁਬਾਨ 'ਤੇ ਲਿਆਂਦਾ ਹੈ ਤੇ ਅੱਜ ਸਮੁੱਚਾ ਲੋਕ ਵਰਗ ਚੰਨੀ ਸਰਕਾਰ ਦੇ ਕੰਮਾਂ ਤੋਂ ਖੁਸ਼ ਹੈ। ਸ: ਗਾਲਿਬ ਨੇ ਜਗਰਾਉਂ ਹਲਕੇ 'ਚ ਕਾਂਗਰਸ ਪਾਰਟੀ ਦੇ ਪੂਰੀ ਤਰ੍ਹਾਂ ਮਜ਼ਬੂਤ ਹੋਣ ਦਾ ਦਾਅਵਾ ਕਰਦਿਆਂ ਇਕਮੁੱਠ ਹੋਣ ਬਾਰੇ ਵੀ ਦੱਸਿਆ। ਇਸ ਮੌਕੇ ਸਰਪੰਚ ਨਵਦੀਪ ਸਿੰਘ ਗਰੇਵਾਲ, ਕੌਂਸਲਰ ਅਮਨ ਕਪੂਰ ਬੌਬੀ, ਬਲਾਕ ਸੰਮਤੀ ਮੈਂਬਰ ਭਵਨਦੀਪ ਸਿੰਘ, ਹਾਕਮ ਸਿੰਘ ਕਮਾਲਪੁਰਾ ਆਦਿ ਹਾਜ਼ਰ ਸਨ।



ਪਿੰਡ ਕਮਾਲਪੁਰੇ ਦੇ ਵਿਕਾਸ ਲਈ ਗ੍ਰਾਂਟ ਦਾ ਚੈੱਕ ਦੇਣ ਸਮੇਂ ਜ਼ਿਲ੍ਹਾ ਪ੍ਰਧਾਨ ਸੋਨੀ ਗਾਲਿਬ, ਨਾਲ ਸਰਪੰਚ ਨਵਦੀਪ ਸਿੰਘ ਗਰੇਵਾਲ ਤੇ ਹੋਰ। ਅਜੀਤ ਤਸਵੀਰ



ਅੱਡਾ ਚੌਂਕੀਮਾਨ ਵਿਖੇ ਰਾਮ ਸਿੰਘ ਰਾਣਾ ਦਾ ਸਨਮਾਨ ਕਰਦੇ ਹਰਭਜਨ ਸਿੰਘ ਧਾਲੀਵਾਲ, ਦਲਜੀਤ ਸਿੰਘ ਧਾਲੀਵਾਲ ਡਾ. ਅਮਰਜੀਤ ਸਿੰਘ ਸਿੱਧਵਾਂ, ਪ੍ਰਧਾਨ ਸਤਨਾਮ ਸਿੰਘ ਮੋਰਕਰੀਮਾਂ ਅਤੇ ਹੋਰ। ਤਸਵੀਰ; ਤੇਜਿੰਦਰ ਸਿੰਘ ਚੱਢਾ

## ਅੱਡਾ ਚੌਂਕੀਮਾਨ ਵਿਖੇ ਰਾਮ ਸਿੰਘ ਰਾਣਾ ਦਾ ਸਨਮਾਨ

ਚੌਂਕੀਮਾਨ, 3 ਜਨਵਰੀ (ਤੇਜਿੰਦਰ ਸਿੰਘ ਚੱਢਾ)- ਮਾਨ ਹਾਈਵੇ ਸਰਵਿਸ ਅੱਡਾ ਚੌਂਕੀਮਾਨ ਵਿਖੇ ਸਨਮਾਨ ਸਮਾਗਮ ਵਿਚ ਉੱਘੇ ਸਮਾਜ ਸੇਵੀ ਰਾਮ ਸਿੰਘ ਰਾਣਾ ਗੋਲਡਨ ਹੱਟ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਹਰਭਜਨ ਸਿੰਘ ਧਾਲੀਵਾਲ, ਦਲਜੀਤ ਸਿੰਘ ਧਾਲੀਵਾਲ ਮਾਨ ਪੰਪ ਵਾਲੇ, ਡਾ: ਅਮਰਜੀਤ ਸਿੰਘ ਸਿੱਧਵਾਂ, ਪ੍ਰਧਾਨ ਸਤਨਾਮ ਸਿੰਘ ਮੋਰਕਰੀਮਾਂ, ਸਰਪੰਚ ਕੁਲਦੀਪ ਸਿੰਘ ਗਰੇਵਾਲ, ਅਵਤਾਰ ਸਿੰਘ ਤਾਰੀ ਸਵੱਦੀ, ਹਰਮਿੰਦਰ ਸਿੰਘ ਰਾਣਾ ਸਿੱਧੂ ਯੂ.ਐੱਸ.ਏ., ਨਰਿੰਦਰ ਸਿੰਘ ਨਿੰਦਾ ਸਿੱਧਵਾਂ, ਮਾ: ਪਰਮਜੀਤ ਸਿੰਘ ਸਿੱਧਵਾਂ, ਪੰਚ ਗੁਰਦੀਪ ਸਿੰਘ ਸਵੱਦੀ, ਗੁਰਚੇਤ ਸਿੰਘ ਸਿੱਧਵਾਂ, ਕੈਪਟਨ ਬਲਵਿੰਦਰ ਸਿੰਘ ਸੋਹੀਆਂ ਤੇ ਮਾ: ਆਤਮਾ ਸਿੰਘ ਬੋਪਾਰਾਏ ਦੀ ਅਗਵਾਈ ਵਿਚ ਦਸਮੇਸ਼ ਕਿਸਾਨ-ਮਜ਼ਦੂਰ ਯੂਨੀਅਨ ਟੋਲ ਪਲਾਜ਼ਾ ਚੌਂਕੀਮਾਨ ਦੇ ਅਹੁਦੇਦਾਰਾ, ਪਿੰਡ ਚੌਂਕੀਮਾਨ, ਪਿੰਡ ਸਿੱਧਵਾਂ ਕਲਾਂ, ਪਿੰਡ ਸਵੱਦੀ ਕਲਾਂ, ਪਿੰਡ ਸਿੱਧਵਾਂ ਖੁਰਦ ਦੇ ਪਤਵੰਤੇ ਸੱਜਣਾਂ ਸਮੇਤ ਇਲਾਕੇ ਦੇ ਵੱਖ-ਵੱਖ ਪਿੰਡਾਂ 'ਚੋਂ ਪਹੁੰਚੇ ਪਤਵੰਤੇ ਸੱਜਣਾਂ ਵਲੋਂ ਸਮਾਜ ਸੇਵੀ ਰਾਮ ਸਿੰਘ ਰਾਣਾ ਦਾ ਨਕਦ ਰਾਸ਼ੀ ਤੇ ਲੋਈ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਰਾਮ ਸਿੰਘ ਰਾਣਾ ਨੇ ਕਿਹਾ ਕਿ ਮੇਰੇ ਨਾਲ ਐੱਨ.ਆਰ.ਆਈ. ਮਨਜੀਤ ਸਿੰਘ ਧਾਲੀਵਾਲ ਯੂ.ਐੱਸ.ਏ (ਪਿੰਡ ਚੌਂਕੀਮਾਨ ਵਾਲੇ) ਚੱਟਾਨ ਵਾਂਗ ਖੜ੍ਹੇ ਹਨ ਤੇ ਮੇਰੀ ਉਨ੍ਹਾਂ ਨੇ ਕਿਸਾਨ ਵੀਰਾਂ ਦੀ ਸੇਵਾ ਕਰਨ ਦੀ ਭਾਵਨਾ ਨੂੰ ਟੁੱਟਣ ਨਹੀਂ ਦਿੱਤਾ। ਇਸ ਮੌਕੇ ਬਲਾਕ ਸੰਮਤੀ ਮੈਂਬਰ ਹਰਜਾਪ ਸਿੰਘ ਚੌਂਕੀਮਾਨ, ਅਮੋਲਕ ਸਿੰਘ ਮਾਨ, ਸੈਕਟਰੀ ਗੁਰਦੀਪ ਸਿੰਘ, ਦਵਿੰਦਰ ਸਿੰਘ ਮਾਨ, ਜਸਵੰਤ ਸਿੰਘ ਮਾਨ, ਪ੍ਰਧਾਨ ਯਾਦਵਿੰਦਰ ਸਿੰਘ ਮਾਨ, ਗਿਆਨੀ ਗੁਰਮੁੱਖ ਸਿੰਘ ਮੋਰਕਰੀਮਾਂ, ਮੈਨੇਜਰ ਤੇਜਾ ਸਿੰਘ ਧਾਲੀਵਾਲ, ਪੰਚ ਤੇਜਿੰਦਰ ਸਿੰਘ ਭੋਲਾ, ਜਸਕਰਨ ਸਿੰਘ ਧਾਲੀਵਾਲ, ਮਨਦੀਪ ਸਿੰਘ ਜਿੰਮੀ ਸਿੱਧਵਾਂ, ਹਰਬੰਸ ਸਿੰਘ ਧਾਲੀਵਾਲ, ਮਾ: ਮੁਕੰਦ ਸਿੰਘ ਮਾਨ, ਹਰਪ੍ਰੀਤ ਸਿੰਘ ਬਿੱਟੂ ਬਦੇਸਾ, ਮਾ:ਬਲਤੇਜ ਸਿੰਘ ਬਦੇਸਾ, ਰਣਜੀਤ ਸਿੰਘ ਗੁੜੇ, ਗੁਰਦੀਪ ਸਿੰਘ ਕਾਕਾ ਗੁੜੇ, ਜਿੰਦਰ ਸਿੰਘ ਸਵੱਦੀ, ਹਰਦੇਵ ਸਿੰਘ ਮਾਨ, ਡਾ. ਚਰਨਜੀਤ ਸਿੰਘ ਮਾਨ, ਪ੍ਰਧਾਨ ਬਲਰਾਜ ਸਿੰਘ ਸਿੱਧਵਾਂ, ਖੁਸਕਿਸਮਤ ਸਿੰਘ ਮਠਾੜੂ, ਦਵਿੰਦਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

- ਪਮਾਲੀ ਓਪਨ ਕਬੱਡੀ ਕੱਪ -

## ਜੇਤੂ ਟੀਮ ਨੂੰ 1 ਲੱਖ ਤੇ ਉਪ ਜੇਤੂ ਨੂੰ ਮਿਲੇਗਾ 71 ਹਜ਼ਾਰ ਦਾ ਇਨਾਮ

**ਉਦਘਾਟਨ ਮਨਪ੍ਰੀਤ ਈਸੇਵਾਲ ਤੇ ਇਨਾਮਾਂ ਦੀ ਵੰਡ ਕੈਪ: ਸੰਦੀਪ ਸੰਧੂ ਕਰਨਗੇ**



ਮੁੱਲਾਂਪੁਰ-ਦਾਖਾ, 3 ਜਨਵਰੀ (ਨਿਰਮਲ ਸਿੰਘ ਧਾਲੀਵਾਲ)- ਬਾਬਾ ਠਾਕੁਰ ਦਾਸ ਸਪੋਰਟਸ ਕਲੱਬ ਪਿੰਡ ਪਮਾਲੀ (ਲੁਧਿ:) ਵਲੋਂ ਐੱਨ.ਆਰ. ਆਈਜ਼, ਸਮੂਹ ਨਗਰ, ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਪਮਾਲੀ ਵਿਖੇ ਕਬੱਡੀ ਕੱਪ ਮੁਕਾਬਲਿਆਂ ਦੇ ਨਾਲ ਗੀਤ-ਸੰਗੀਤ ਖੁੱਲ੍ਹਾ ਅਖਾੜਾ 9 ਜਨਵਰੀ ਨੂੰ ਹੋ ਰਿਹਾ। ਪਿੰਡ ਪਮਾਲੀ ਕਬੱਡੀ ਕੱਪ ਦੇ ਮੁੱਖ ਪਬੰਧਕ ਪਿੰਦਰ ਪਮਾਲੀ, ਮੁੱਖ ਪ੍ਰਬੰਧਕ ਮੰਨੂ ਪਮਾਲੀ, ਅਰਸ਼ ਖੰਡੂਰ ਅਨੁਸਾਰ ਕਬੱਡੀ ਕੱਪ ਦਾ ਉਦਘਾਟਨ ਬਲਾਕ ਕਾਂਗਰਸ ਮੁੱਲਾਂਪੁਰ ਪ੍ਰਧਾਨ ਮਨਪ੍ਰੀਤ ਸਿੰਘ ਈਸੇਵਾਲ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਾਂਗਰਸ ਦੇ ਹਲਕਾ ਦਾਖਾ ਇੰਚਾਰਜ ਕੈਪਟਨ ਸੰਦੀਪ ਸੰਧੂ ਵਲੋਂ ਕੀਤੀ ਜਾਵੇਗੀ। ਪਿੰਦਰ ਪਮਾਲੀ ਅਨੁਸਾਰ ਪ੍ਰਬੰਧਕਾਂ ਵਲੋਂ ਸੱਦਾ ਪੱਤਰ ਰਾਹੀਂ ਕੇਵਲ 8 ਟੀਮਾਂ ਦੀ ਐਂਟਰੀ ਹੋਵੇਗੀ, ਕਬੱਡੀ ਓਪਨ ਮੁਕਾਬਲੇ ਲਈ ਹਰ ਟੀਮ ਵਿਚ 4 ਖਿਡਾਰੀ ਬਾਹਰੋਂ ਖੇਡਣ ਦੀ ਪ੍ਰਬੰਧਕਾਂ ਵਲੋਂ ਛੋਟ ਹੋਵੇਗੀ। ਪਮਾਲੀ ਓਪਨ ਕਬੱਡੀ ਕੱਪ ਦੀ ਜੇਤੂ ਟੀਮ ਨੂੰ ਲੱਖ ਰੁਪਏ ਅਤੇ ਉਪ ਜੇਤੂ ਨੂੰ 71 ਹਜ਼ਾਰ ਰੁਪਏ ਇਨਾਮ ਦਿੱਤਾ ਜਾਵੇਗਾ, ਅੰਕਾਂ ਦੇ ਅਧਾਰ 'ਤੇ ਸਰਬੋਤਮ ਜਾਫੀ-ਧਾਵੀ ਲਈ 31-31 ਹਜ਼ਾਰ ਦਾ ਨਕਦ ਇਨਾਮ ਦਿੱਤਾ ਜਾਵੇਗਾ। ਕਬੱਡੀ ਕੱਪ ਦੇ ਨਾਲ ਖੁੱਲ੍ਹੇ ਅਖਾੜੇ ਵਿਚ ਉੱਘੇ ਲੋਕ ਗਾਇਕ ਸਿੱਪੀ ਗਿੱਲ, ਜੱਸ ਬਾਜਵਾ, ਕੋਰਆਲਾ ਮਾਨ, ਸ੍ਰੀ ਬਰਾੜ, ਏਕਮ ਸੁਧਾਰ, ਹੁਨਰ ਸਿੱਧੂ ਦਰਸ਼ਕਾਂ ਦੀ ਖਿੱਚ ਦਾ ਹੋਣਗੇ। ਪਮਾਲੀ ਓਪਨ ਕਬੱਡੀ ਕੱਪ ਸਫ਼ਲ ਬਣਾਉਣ ਲਈ ਸਨੀ ਸਰਪੰਚ, ਹਰਜੋਤ ਮਨਸੂਰਾਂ, ਜੋਤ ਮਨਸੂਰਾਂ, ਸਨੀ ਢਿੱਲੋਂ, ਰਵੀ ਰਾਜਗੜ੍ਹ, ਗਿੰਨੀ ਗੁੱਜਰਵਾਲ, ਓਪੀ ਬੱਦੋਵਾਲ, ਬੌਬੀ ਮੰਡਿਆਣੀ ਤੇ ਹੋਰ ਪ੍ਰਬੰਧਕਾਂ ਨੂੰ ਸਹਿਯੋਗ ਕਰ ਰਹੇ ਹਨ।



ਪ੍ਰੈੱਸ ਕਲੱਬ ਅਤੇ ਲਾਇਬ੍ਰੇਰੀ ਦੇ ਕੰਮ ਦੀ ਸ਼ੁਰੂਆਤ ਕਰਵਾਉਣ ਦਾ ਨੀਂਹ ਪੱਥਰ ਰੱਖਦੇ ਹੋਏ ਡਾ. ਅਮਰ ਸਿੰਘ, ਕਾਮਿਲ ਅਮਰ ਸਿੰਘ ਅਤੇ ਹੋਰ। ਤਸਵੀਰ: ਸੁਸ਼ੀਲ

## ਡਾ. ਅਮਰ ਸਿੰਘ ਨੇ ਪ੍ਰੈੱਸ ਕਲੱਬ ਤੇ ਲਾਇਬ੍ਰੇਰੀ ਸਮੇਤ ਸੀਨੀਅਰ ਸਿਟੀਜ਼ਨ ਹੋਮ ਦਾ ਰੱਖਿਆ ਨੀਂਹ ਪੱਥਰ

ਰਾਏਕੋਟ, 3 ਜਨਵਰੀ (ਸੁਸ਼ੀਲ)- ਸਥਾਨਕ ਨਗਰ ਪ੍ਰਸ਼ਾਸਨ ਵਲੋਂ ਅੱਜ ਪ੍ਰੈਸ ਕਲੱਬ ਦੇ ਦਫ਼ਤਰ ਅਤੇ ਲਾਇਬ੍ਰੇਰੀ ਦੀ ਇਮਾਰਤ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ, ਜਿਸ ਦਾ ਨੀਂਹ ਪੱਥਰ ਸੰਸਦ ਮੈਂਬਰ ਡਾ. ਅਮਰ ਸਿੰਘ ਅਤੇ ਹਲਕਾ ਇੰਚਾਰਜ ਕਾਮਿਲ ਬੋਪਾਰਾਏ ਵਲੋਂ ਕੌਂਸਲਰਾਂ ਅਤੇ ਨਗਰ ਕੌਂਸਲ ਅਧਿਕਾਰੀਆਂ ਦੀ ਮੌਜੂਦਗੀ ਵਿਚ ਰੱਖਿਆ ਗਿਆ। ਇਸ ਮੌਕੇ ਸ਼ਹਿਰ ਨਿਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਕਿਹਾ ਕਿ ਇੱਥੇ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਵਾਈ ਜਾ ਰਹੀ ਹੈ, ਜਿਸ ਵਿਚ ਪੱਤਰਕਾਰਾਂ ਲਈ ਪ੍ਰੈੱਸ ਕਲੱਬ ਦਾ ਦਫ਼ਤਰ, ਲਾਇਬ੍ਰੇਰੀ ਅਤੇ ਸੀਨੀਅਰ ਸਿਟੀਜ਼ਨ ਹੋਮ ਬਣਾਇਆ ਜਾਵੇਗਾ। ਇਸ ਉਪਰਾਲੇ ਲਈ ਪ੍ਰੈੱਸ ਕਲੱਬ ਰਾਏਕੋਟ ਦੇ ਪ੍ਰਧਾਨ ਜਸਵੰਤ ਸਿੰਘ ਸਿੱਧੂ ਅਤੇ ਸਾਬਕਾ ਪ੍ਰਧਾਨ ਡਾ. ਪ੍ਰਵੀਨ ਅੱਗਰਵਾਲ ਵਲੋਂ ਡਾ. ਅਮਰ ਸਿੰਘ ਤੇ ਕਾਮਿਲ ਬੋਪਾਰਾਏ ਦਾ ਧੰਨਵਾਦ ਕੀਤਾ ਗਿਆ। ਇਸ ਸਬੰਧੀ ਕਾਰਜ ਸਾਧਕ ਅਫ਼ਸਰ ਅਮਰਇੰਦਰ ਸਿੰਘ ਨੇ ਦੱਸਿਆ ਕਿ ਪ੍ਰੈੱਸ ਕਲੱਬ, ਲਾਇਬ੍ਰੇਰੀ ਅਤੇ ਸੀਨੀਅਰ ਸਿਟੀਜਨ ਹੋਮ ਦੀ ਇਸ ਇਮਾਰਤ ਦੀ ਉਸਾਰੀ 'ਤੇ 47.41 ਲੱਖ ਦੀ ਲਾਗਤ ਆਵੇਗੀ। ਇਸ ਮੌਕੇ ਐੱਮ.ਈ ਨਵਜੇਸ਼ ਚੋਪੜਾ, ਜੇ.ਈ. ਮਨਪ੍ਰੀਤ ਸਿੰਘ, ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ, ਹਰਪ੍ਰੀਤ ਸਿੰਘ ਸੈਨਟਰੀ ਇੰਸਪੈਕਟਰ, ਪ੍ਰੈੱਸ ਕਲੱਬ ਦੇ ਸਾਬਕਾ ਪ੍ਰਧਾਨ ਰਾਮ ਗੋਪਾਲ ਰਾਏਕੋਟੀ, ਪ੍ਰਧਾਨ ਜਸਵੰਤ ਸਿੰਘ ਸਿੱਧੂ, ਡਾ. ਪ੍ਰਵੀਨ ਅੱਗਰਵਾਲ, ਮੀਤ ਪ੍ਰਧਾਨ ਰਣਜੀਤ ਕੌਰ, ਕੌਂਸਲਰ ਮਨਜੀਤ ਕੌਰ, ਕੌਂਸਲਰ ਮੁਹੰਮਦ ਇਮਰਾਨ, ਕੌਂਸਲਰ ਸ਼ਰਨਜੀਤ ਕੌਰ, ਕੌਂਸਲਰ ਵਿਜੈ ਕੁਮਾਰੀ, ਕੌਂਸਲਰ ਗੁਰਦਾਸ ਮਾਨ, ਕੌਂਸਲਰ ਰਾਜਿੰਦਰ ਸਿੰਘ, ਕੌਂਸਲਰ ਸੁਖਵਿੰਦਰ ਕੌਰ, ਕੌਂਸਲਰ ਸੁਖਵਿੰਦਰ ਸਿੰਘ ਗਰੇਵਾਲ, ਕੌਂਸਲਰ ਕਮਲਜੀਤ ਵਰਮਾ, ਕੌਂਸਲਰ ਉਮਾਂ ਰਾਣੀ, ਕੌਂਸਲਰ ਬਲਜਿੰਦਰ ਸਿੰਘ ਰਿੰਪਾ, ਕੌਂਸਲਰ ਜਸਵੀਰ ਕੌਰ, ਕੌਂਸਲਰ ਗੁਰਜੰਟ ਸਿੰਘ, ਕੇ.ਕੇ. ਸ਼ਰਮਾ, ਸੁਮਨਦੀਪ ਸਿੰਘ ਦੀਪਾ, ਨਰੈਣ ਦੱਤ ਕੌਸ਼ਿਕ, ਸੁਖਬੀਰ ਰਾਏ, ਅਮਰਜੀਤ ਸਿੰਘ, ਵਿਨੋਦ ਜੈਨ, ਗਿਆਨੀ ਗੁਰਦਿਆਲ ਸਿੰਘ, ਜੋਗਿੰਦਰਪਾਲ ਮੱਕੜ, ਸਤਪਾਲ ਵਰਮਾ, ਗੋਪਾਲ ਕ੍ਰਿਸ਼ਨ ਜੋਸ਼ੀ, ਬਲਜਿੰਦਰ ਸਿੰਘ ਗਰੇਵਾਲ ਆਦਿ ਹਾਜ਼ਰ ਸਨ।


ਦਫ਼ਤਰ ਵਧੀਕ ਡਿਪਟੀ ਕਮਿਸ਼ਨਰ-ਕਮ-ਮੈਰਿਜ ਅਫਸਰ, ਲੁਧਿਆਣਾ।
(ਪੇਸ਼ੀ ਸ਼ਾਖਾ)

ਨੋਟਿਸ ਹਰ ਆਮ ਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ Resham Singh S/O Gurdev Singh ਵਾਸੀ 11541 Street No. 26 Ram Nagar, Near Sangit Cinema, Ludhiana ਨੇ ਬੇਨਤੀ ਕੀਤੀ ਹੈ ਕਿ ਉਸ ਦੇ ਲੜਕੇ Jasibr Singh S/o Resham Singh ਦੀ ਜਨਮ ਮਿਤੀ 21/07/1993 ਹੈ, ਜੋ ਕਿ Cyprus ਵਿਖੇ ਰਹਿ ਰਿਹਾ ਹੈ ਅਤੇ ਉਸਨੇ ਭਾਰਤ ਵਿਚ ਅਜੇ ਤੱਕ ਕੋਈ ਮੰਗਣੀ ਵਿਆਹ ਨਹੀਂ ਕਰਵਾਇਆ। ਇਸ ਲਈ ਉਹ ਆਪਣੀ ਮਰਜ਼ੀ ਨਾਲ Cyprus ਵਿਖੇ ਵਿਆਹ ਕਰਾਉਣਾ ਚਾਹੁੰਦਾ ਹੈ। ਇਸ ਲਈ ਅਣ-ਵਿਆਹੁਤਾ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕੀਤੀ ਹੈ।

ਉਕਤ ਦੇ ਸੰਬੰਧ ਵਿੱਚ ਜੇਕਰ ਕਿਸੇ ਨੂੰ ਸ੍ਰੀ Jasibr Singh S/o Resham Singh ਵਾਸੀ 11541 Street No. 26 Ram Nagar, Near Sangit Cinema, Ludhiana ਦੇ ਨਾਮ ਅਣ-ਵਿਆਹੁਤਾ ਸਰਟੀਫਿਕੇਟ ਜਾਰੀ ਕਰਨ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ 30 ਦਿਨਾਂ ਦੇ ਅੰਦਰ ਅੰਦਰ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਲਿਖਤੀ ਤੌਰ ਤੇ ਇਤਰਾਜ਼ ਪੇਸ਼ ਕਰੇ। ਜੇਕਰ ਮਿੱਥੇ ਸਮੇਂ ਅੰਦਰ ਅੰਦਰ ਕੋਈ ਇਤਰਾਜ ਪੇਸ਼ ਨਹੀਂ ਕਰਦਾ ਤਾਂ Jasibr Singh S/o Resham Singh ਦੇ ਨਾਮ ਅਣ ਵਿਆਹੁਤਾ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਵੇਗਾ।

ਮਿਤੀ 22/12/21 — ਵਧੀਕ ਡਿਪਟੀ ਕਮਿਸ਼ਨਰ, ਕਮ ਮੈਰਿਜ ਅਫਸਰ ਲੁਧਿਆਣਾ।


## ਸਿਹਤ ਮੁਲਾਜ਼ਮਾਂ ਵਲੋਂ ਮੰਗਾਂ ਨੂੰ ਲੈ ਕੇ ਹੜਤਾਲ ਜਾਰੀ

ਸਿੱਧਵਾਂ ਬੇਟ, 3 ਜਨਵਰੀ (ਜਸਵੰਤ ਸਿੰਘ ਸਲੇਮਪੁਰੀ)-ਸਥਾਨਕ ਸਿਵਲ ਹਸਪਤਾਲ ਦੇ ਸਮੂਹ ਮੁਲਾਜ਼ਮਾਂ ਵਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੜਤਾਲ ਜਾਰੀ ਹੈ, ਪਰ ਅਜੇ ਤੱਕ ਸਰਕਾਰ ਦੇ ਕੰਨ੍ਹਾਂ 'ਤੇ ਜੂੰਅ ਤੱਕ ਨਹੀਂ ਸਰਕੀ ਜਦਕਿ ਇਲਾਕੇ ਦੇ ਲੋੜਵੰਦ ਮਰੀਜ਼ਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ। ਅੱਜ ਫਾਰਮੇਸੀ ਅਫ਼ਸਰ ਕੇਵਲ ਸਿੰਘ ਅਤੇ ਦਰਜਾ ਚਾਰ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਬਲਦੇਵ ਸਿੰਘ ਭੁੱਖ ਹੜਤਾਲ 'ਤੇ ਬੈਠੇ। ਇਸ ਮੌਕੇ ਸਿਹਤ ਮੁਲਾਜ਼ਮਾਂ ਨੇ ਆਖਿਆ ਕਿ ਅਸੀਂ ਉਦੋਂ ਤੱਕ ਆਪਣਾ ਸੰਘਰਸ਼ ਜਾਰੀ ਰੱਖਾਂਗੇ, ਜਦੋਂ ਤੱਕ ਚੰਨੀ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨ ਲੈਂਦੀ। ਉਨ੍ਹਾਂ ਮੰਗ ਕੀਤੀ ਕਿ ਪਿਛਲੇ 15 ਸਾਲਾਂ ਤੋਂ ਠੇਕੇ 'ਤੇ ਕੰਮ ਕਰਦੇ 36000 ਹਜ਼ਾਰ ਮੁਲਾਜ਼ਮਾਂ ਨੂੰ ਤੁਰੰਤ ਪੱਕਿਆਂ ਕੀਤਾ ਜਾਵੇ। ਇਸ ਮੌਕੇ ਬਲਦੇਵ ਸਿੰਘ, ਮਨਜੀਤ ਕੌਰ, ਮੋਨਿਕਾ ਰਾਣੀ, ਬਲਵਿੰਦਰ ਕੌਰ, ਮੁਕੇਸ਼ ਕੁਮਾਰ, ਚਰਨਜੀਤ ਕੌਰ, ਨਿਰਮਲ ਸਿੰਘ, ਅਮਿੱਤ ਕੁਮਾਰ, ਜਸਵੀਰ ਸਿੰਘ, ਰਿੰਪੀ ਰਾਣੀ, ਲਵਲੀ, ਨਰਿੰਦਰ ਕੌਰ, ਸਰਬਜੀਤ ਕੌਰ, ਪਰਮਜੀਤ ਕੌਰ, ਗੁਰਵਿੰਦਰ ਕੌਰ ਅਤੇ ਸੁਖਵਿੰਦਰ ਸਿੰਘ ਤੋਂ ਇਲਾਵਾ ਹੋਰ ਮੁਲਾਜ਼ਮ ਮੌਜੂਦ ਸਨ।



ਸਿਵਲ ਹਸਪਤਾਲ ਸਿੱਧਵਾਂ ਬੇਟ ਵਿਖੇ ਹੜਤਾਲ 'ਚ ਸ਼ਾਮਿਲ ਹਸਪਤਾਲ ਦੇ ਸਮੂਹ ਮੁਲਾਜ਼ਮ। ਤਸਵੀਰ: ਜਸਵੰਤ ਸਿੰਘ ਸਲੇਮਪੁਰੀ


ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ

ਇਸ਼ਤਿਹਾਰ ਨੰ: ICMR/DIR/NARI/2021-22/1-Pers

ਵੈਕੰਸੀ ਸਰਕੂਲਰ

ਬਿਨੈਪੱਤਰਾਂ ਦੀ ਪ੍ਰਾਪਤੀ ਲਈ ਅੰਤਿਮ ਮਿਤੀ : 1 ਫਰਵਰੀ, 2022

ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ), ਹੈਲਥ ਰਿਸਰਚ ਵਿਭਾਗ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਅਧੀਨ ਇਕ ਖ਼ੁਦਮੁਖਤਿਆਰ ਸੰਗਠਨ ਦੁਆਰਾ ਪੇਅ ਮੈਟਰਿਕਸ ਦੇ ਲੈਵਲ 14 (ਰੁਪਏ 1,44,200-2, 18, 200) (7ਵਾਂ ਸੀ ਪੀ ਪੀ ਸਕੇਲ) ਅਤੇ ਆਈ ਸੀ ਐਮ ਆਰ ਇੰਪਲਾਈਜ਼ ਲਈ ਲਾਗੂ ਯੋਗ ਅਨੁਸਾਰ ਯੂਜਅਲ ਅਲਾਉਂਸਜ਼ ਵਿਚ ਆਈ ਸੀ ਐਮ ਆਰ-ਨੈਸ਼ਨਲ ਏਡਜ਼ ਰਿਸਰਚ ਇੰਸਟੀਚਿਊਟ ਪੂਨੇ ਵਿਖੇ ਨਿਰਦੇਸ਼ਕ ਦੀ ਅਸਾਮੀ ਲਈ ਮਿਤੀ 1 ਫਰਵਰੀ, 2022 ਸ਼ਾਮ 5.30 ਵਜੇ ਤੱਕ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

ਵਿਸਥਾਰਤ ਇਸ਼ਤਿਹਾਰ ਲਈ ਕ੍ਰਿਪਾ ਕਰਕੇ ਆਈ ਸੀ ਐਮ ਆਰ ਵੈੱਬਸਾਈਟ www.icmr.nic.in ਜਾਂ https://recruit.icmr.org.in 'ਤੇ ਪਧਾਰੋ।

davp 17152/11/0008/2122 — ਸਹੀ/-ਅਸਿਸਟੈਂਟ ਡਾਇਰੈਕਟਰ-ਜਨਰਲ (ਐਡਮਨ)